ਨੰਬਰ 12/CE/HQ

ਮਿਤੀ 09/01/2025

# ਦਫਤਰੀ ਹੁਕਮ

Govt. Contractor M/s Amrit Electrical, Plot no.173, Phase-8B, Industrial Area, Mohali ਨੂੰ ਮੰਡਲ ਇੰਜੀਨੀਅਰ, ਸੰਚਾਲਣ ਅਤੇ ਸੰਭਾਲ ਮੰਡਲ, ਐਸ ਏ ਐਸ ਨਗਰ ਵੱਲੋਂ ਦੋ ਨੰਬਰ ਕੰਮ ਅਲਾਟ ਕੀਤੇ ਗਏ ਸਨ ਜਿਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

1. Drilling & Development, Construction of Pump House, D-Tank, fencing of barbed wire and energisation of 5 no tubewells in Dera Bassi Block.
2. Drilling & Development, Construction of Pump House, D-Tank, fencing of barbed wire and energisation of 4 no tubewells in Sialba Majri Block

ਇਹ ਕੰਮ ਏਜੰਸੀ ਵੱਲੋਂ ਸਮੇਂ ਸਿਰ ਪੂਰੇ ਨਹੀਂ ਕੀਤੇ ਗਏ ਜਿਸ ਦੇ ਸੰਬੰਧ ਵਿੱਚ ਇਸ ਦਫਤਰ ਦੇ ਪੱਤਰ ਨੰ. 7530 ਮਿਤੀ 05/12/2024 ਰਾਹੀਂ Govt. Contractor M/s Amrit Electrical ਨੂੰ Show Cause Notice ਜਾਰੀ ਕੀਤਾ ਗਿਆ। ਠੇਕੇਦਾਰ ਵੱਲੋਂ ਮਿਤੀ 17/12/2024 ਨੂੰ ਉਪਰੋਕਤ ਨੋਟਿਸ ਦਾ ਜਵਾਬ ਦਿੱਤਾ ਗਿਆ। ਇਸ ਠੇਕੇਦਾਰ ਨੂੰ ਮਿਤੀ 03-01-2025 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਜਿਸ ਵਿੱਚ ਉਹਨਾਂ ਵੱਲੋਂ ਕਿਹਾ ਗਿਆ ਕਿ ਉਹਨਾਂ ਨੂੰ ਸਾਈਟਾਂ ਸਮੇਂ ਸਿਰ ਹੈਂਡ ਓਵਰ ਨਹੀਂ ਕੀਤੀਆਂ ਗਈਆਂ ਅਤੇ ਮੋਟਰਾਂ ਦੀ ਅਪਰੂਵਲ ਵੀ ਸਮੇਂ ਸਿਰ ਨਹੀਂ ਦਿੱਤੀ ਗਈ । ਇਸ ਸਬੰਧੀ ਮੰਡਲ ਇੰਜੀਨੀਅਰ, ਸੰਚਾਲਣ ਅਤੇ ਸੰਭਾਲ ਮੰਡਲ, ਐਸ ਏ ਐਸ ਨਗਰ ਵੱਲੋਂ ਦਿੱਤੀ ਗਈ ਡੀਟੇਲ ਅਨੁਸਾਰ ਠੇਕੇਦਾਰ ਨੂੰ 5 ਸਾਈਟਾਂ Feb 2023, 1 ਸਾਈਟ April 2023, 2 ਸਾਈਟਾਂ Oct 2023 ਅਤੇ 1 ਸਾਇਟ Feb 2024 ਨੂੰ ਹੈਂਡ ਓਵਰ ਕਰ ਦਿੱਤੀਆਂ ਸਨ। ਇੱਥੇ ਇਹ ਵੀ ਦੱਸਿਆ ਗਿਆ ਕਿ ਮੋਟਰਾਂ ਦੀ installation ਲਈ ਸਿਵਿਲ ਵਰਕ ਪੂਰਾ ਹੋਣਾ ਜਰੂਰੀ ਹੈ ਜੋ ਮੌਕੇ ਤੇ ਨਹੀਂ ਹੋਇਆ ਸੀ। ਇਹ ਕੰਮ 6 ਮਹੀਨਿਆਂ ਵਿੱਚ ਪੂਰੇ ਕਰਨੇ ਸਨ ਜੋ ਕਿ ਮਿਤੀ 30/09/2024 ਤੱਕ ਵੀ ਪੂਰੇ ਨਹੀਂ ਕੀਤੇ ਗਏ। ਇਸ ਲਈ ਉਕਤ ਕੰਮ ਸਮੇਂ ਸਿਰ ਪੂਰੇ ਨਾ ਹੋਣ ਕਾਰਨ ਮਹਿਕਮੇ ਦਾ ਸਮਾਂ ਖਰਾਬ ਹੋਇਆ ਹੈ ਅਤੇ ਮਹਿਕਮੇ ਦੇ ਅਕਸ਼ ਤੇ ਕਾਫੀ ਬੁਰਾ ਪਰਭਾਵ ਪਿਆ ਹੈ।

ਪੰਜਾਬ ਸਰਕਾਰ ਦੇ ਮੀਮੋ ਨੰ. 17/33/2022-3 ਸਿਪੋ 3/979-990 ਮਿਤੀ 26-08-2022 ਰਾਹੀਂ ਜਾਰੀ ਹਦਾਇਤਾਂ "Instructions Regarding Enlistment of Contractor in Water Resources Department WRD Punjab 2022" ਦੇ ਪੈਰ੍ਹਾ 22 ਦੀ Clause ii(f) ਹੇਠ ਲਿਖੇ ਅਨੁਸਾਰ ਹੈ-

**ii) Suspension of business**: The Enlistment Authority may debar/suspend business with the contractor for a period up to two (2) years in the following events after having received reports from more than one officer or at more than one occasion from individual officer of Water Resources Department or any other Department/Board/Corporation of Punjab Government Chandigarh or administration:

(f) having failed to take up the work after allotment on two occasions.

Scanned with OKEN Scanner

ਮੰਡਲ ਇੰਜੀਨੀਅਰ(ਟਿਊ), ਪੰਜਸਪ੍ਰਵਨ, ਐਸ ਏ ਐਸ ਨਗਰ ਵੱਲੋਂ ਕੀਤੀ ਗਈ ਸਿਫਾਰਸ਼ ਅਤੇ ਉਪਰੋਕਤ Clause ਦੀ ਉਲੰਘਣਾ ਕਰਨ ਤੇ Govt. Contractor M/s Amrit Electrical ਨੂੰ ਜਲ ਸਰੋਤ ਵਿਭਾਗ ਵਿੱਚੋਂ ਇੱਕ ਸਾਲ ਲਈ ਡੀਬਾਰ ਕੀਤਾ ਜਾਂਦਾ ਹੈ।

ਮੁੱਖ ਇੰਜੀਨੀਅਰ/ਹੈਡਕੁਆਟਰ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ. 13-20/CE/HQ

ਮਿਤੀ 09/01/2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ, ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ, ਡੈਮਜ ਜਲ ਸਰੋਤ ਵਿਭਾਗ, ਸ਼ਾਹਪੁਰਕੰਡੀ, ਪੰਜਾਬ।
4. ਮੁੱਖ ਇੰਜੀਨੀਅਰ, ਵਿਜੀਲੈਂਸ ਅਤੇ ਕੁਆਲਟੀ ਐਸ਼ੋਰੈਸ਼, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
5. ਮੈਨੇਜਿੰਗ ਡਾਇਰੈਕਟਰ, ਪੰਜਾਬ ਜਲ ਸਰੋਤ ਪ੍ਰਬੰਧਨ ਵਿਕਾਸ ਕਾਰਪੋਰੇਸ਼ਨ, ਪੰਜਾਬ।
6. ਸਮੂਹ ਨਿਗਰਾਨ ਇੰਜੀਨੀਅਰ, ਜਲ ਸਰੋਤ ਵਿਭਾਗ, ਪੰਜਾਬ।
7. ਇੰਚਾਰਜ ਕੰਪਿਊਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
8. Govt. Contractor M/s Amrit Electrical, Plot no.173, Phase-8B, Industrial Area, Mohali.

ਮੁੱਖ ਇੰਜੀਨੀਅਰ/ਹੈਡਕੁਆਟਰ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

Scanned with OKEN Scanner